International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
November 2017

# ਪੰਜਾਬੀ ਨਾਟ-ਖੋਜ : ਦਸ਼ਾ ਤੇ ਦਿਸ਼ਾ

ਡਾ. ਰੁਪਿੰਦਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ
ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

ਨਾਟਕ ਕਲਾ ਮਨੁੱਖ ਦੀਆਂ ਤਤਕਾਲੀਨ ਸਥਿਤੀਆਂ ਵਿਚੋਂ ਉਤਪੰਨ ਵਿਸ਼ੇਸ਼ ਹਾਲਤਾਂ ਕਾਰਣ ਪ੍ਰਭਾਵਿਤ ਮਾਨਸਿਕਤਾ ਦੇ ਮਾਨਵੀ ਸਰੋਕਾਰਾਂ ਦੀ ਰੰਗਮੰਚ ਮਾਧਿਅਮ ਰਾਹੀਂ ਕਲਾਤਮਕ ਪੇਸ਼ਕਾਰੀ ਸਮਾਜ ਸੁਧਾਰਕ ਪ੍ਰਯੋਜਨ ਤਹਿਤ ਕਰਦੀ ਹੈ। ਸਾਹਿਤ ਦੀ ਹਰੇਕ ਵਿਧਾ ਦੇ ਜਿੱਥੇ ਸਰੰਚਨਾਤਮਕ ਤੱਤ ਭਿੰਨਤਾ ਰੱਖਦੇ ਹਨ ਉਥੇ ਸਾਹਿਤਕ ਰੂਪਾਂ ਦੇ ਨਿਕਾਸ ਅਤੇ ਵਿਕਾਸ ਦੀ ਗਤੀ ਵੀ ਇਕਸਾਰ ਨਹੀਂ। ਸਾਡਾ ਸਰੋਕਾਰ ਨਾਟਕ ਵਿਧਾ ਨਾਲ ਜੁੜਿਆ ਹੈ ਜਿਹੜੀ ਹੋਰਨਾਂ ਵਿਧਾਵਾਂ ਦੇ ਮੁਕਾਬਲਤਨ ਪੱਛੜ ਕੇ ਹੋਂਦ ਗ੍ਰਹਿਣ ਕਰਦੀ ਹੈ। ਕਿਉਂਕਿ ਪੰਜਾਬ ਜੰਗਾਂ-ਯੁੱਧਾਂ ਦਾ ਅਖਾੜਾ ਬਣੇ ਰਹਿਣ ਕਾਰਣ ਕਾਫ਼ੀ ਸਮਾਂ ਅਸ਼ਾਂਤੀ ਦੇ ਦੌਰ ਵਿਚੋਂ ਗੁਜ਼ਰਦਾ ਰਿਹਾ ਹੈ। ਨਾਟਕ ਵਰਗੀ ਵਿਧਾ ਦੇ ਪ੍ਰਦਰਸ਼ਨ ਰੂਪ ਨਾਲ ਜੁੜੇ ਹੋਣ ਕਰਕੇ ਢੁਕਵਾਂ ਮਾਹੌਲ ਨਾ ਮਿਲ ਸਕਣਾ, ਇਸ ਵਿਧਾ ਦੇ ਨਿਕਾਸ ਤੇ ਵਿਕਾਸ `ਚ ਦੇਰੀ ਦਾ ਮੁੱਖ ਕਾਰਣ ਬਣਦਾ ਹੈ। ਜਿਸ ਸਾਹਿਤਕ ਵਿਧਾ ਵਿਚ ਸਿਰਜਣਾ ਹੀ ਦੇਰੀ ਨਾਲ ਆਰੰਭ ਹੁੰਦੀ ਹੋਵੇ ਤਾਂ ਉਸ ਵਿਧਾ ਉੱਤੇ ਹੋਈ ਖੋਜ, ਆਲੋਚਨਾ ਅਤੇ ਸਮੀਖਿਆ ਦੀ ਸਥਿਤੀ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੀ।

ਸਾਹਿਤ-ਚਿੰਤਨ ਜਗਤ ਵਿਚ ਨਾਟਕ ਸਮੀਖਿਆ ਤੇ ਨਾਟ-ਆਲੋਚਨਾ ਕਦੇ ਵੀ ਗਹਿਰ- ਗੰਭੀਰ ਚਿੰਤਨ ਦਾ ਹਿੱਸਾ ਨਹੀਂ ਬਣ ਸਕੀ। ਕੁੱਝ ਇੱਕ ਯਤਨਾਂ ਨੂੰ ਛੱਡ ਕੇ ਸਿਰਫ ਅਕਾਦਮਿਕ ਲੋੜਾਂ ਦੀ ਪੂਰਤੀ ਹਿੱਤ ਪੰਜਾਬੀ ਨਾਟ-ਸਮੀਖਿਆ ਪ੍ਰਾਪਤ ਹੁੰਦੀ ਹੈ। ਪਰ ਅਕਾਦਮਿਕ ਪੱਧਰ `ਤੇ ਵਿਦਿੱਅਕ ਅਦਾਰਿਆਂ ਵਿਚ ਉੱਚ-ਡਿਗਰੀ ਦੇ ਕੋਰਸ ਸ਼ੁਰੂ ਹੋਣ ਸਦਕਾ ਨਾਟ-ਸਮੀਖਿਆ, ਨਾਟ-ਆਲੋਚਨਾ ਅਤੇ ਨਾਟਕ ਸਬੰਧੀ ਖੋਜ ਤੇਜ਼ ਗੀਤ ਫੜਦੀ ਹੈ।

ਅਸੀਂ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਖੋਜ ਦੀ ਸਥਿਤੀ ਉੱਪਰ ਇੱਕ ਨਜ਼ਰ ਜ਼ਰੂਰ ਪਾਉਣੀ ਚਾਹਾਂਗੇ। ਪੰਜਾਬੀ ਨਾਟਕ ਅਤੇ ਰੰਗਮੰਚ ਸਬੰਧੀ ਅਕਾਦਮਿਕ ਖੋਜ-ਕਾਰਜ, ਅਧਿਐਨ-ਵਿਸ਼ਲੇਸ਼ਣ ਅਤੇ ਨਾਟ-ਸਮੀਖਿਆ ਦੇ ਪ੍ਰਯੋਜਨ ਤਹਿਤ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਕਈ ਰਾਜਾਂ ਦੀਆਂ ਯੂਨੀਵਰਸਿਟੀਆਂ ਵਿਚ ਐਮ.ਏ, ਐਮ.ਫ਼ਿਲ,

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
November 2017

ਪੀ-ਐੱਚ.ਡੀ. ਅਤੇ ਡੀ. ਲਿਟ ਦੀਆਂ ਡਿਗਰੀਆਂ ਰਾਹੀਂ ਖੋਜ ਪ੍ਰਕਿਰਿਆ ਆਰੰਭ ਕੀਤੀ ਗਈ ਅਤੇ ਨਿਰੰਤਰ ਜਾਰੀ ਹੈ। ਇਹਨਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, ਜੰਮੂ ਯੂਨੀਵਰਸਿਟੀ ਜੰਮੂ ਅਤੇ ਦਿੱਲੀ ਯੂਨੀਵਰਸਿਟੀ ਦਿੱਲੀ ਦੇ ਨਾਂ ਗਿਣੇ ਜਾ ਸਕਦੇ ਹਨ। ਪੰਜਾਬੀ ਨਾਟਕ ਅਤੇ ਰੰਗਮੰਚ ਸਬੰਧੀ ਵਿਭਿੰਨ ਪੱਖਾਂ ਤੇ ਵਿਸ਼ਿਆ ਨੂੰ ਲੈ ਕੇ ਇਹਨਾਂ ਸਾਰੀਆਂ ਯੂਨੀਵਰਸਿਟੀਆਂ ਦੇ ਵੱਖ-ਵੱਖ ਵਿਭਾਗਾਂ ਅਧੀਨ ਸਾਲ 2007 ਤੱਕ ਦੀ ਨਿਸ਼ਾਨਦੇਹੀ ਅਨੁਸਾਰ ਪੀ-ਐੱਚ. ਡੀ. ਪੱਧਰ ਦੇ ਲਗਭਗ ਇਕ ਸੌ ਦਸ ਖੋਜ-ਪ੍ਰਬੰਧ (110 ਖੋਜ-ਪ੍ਰਬੰਧ) ਪ੍ਰਾਪਤ ਹੁੰਦੇ ਹਨ। ਇਹਨਾਂ ਖੋਜ-ਪ੍ਰਬੰਧਾਂ ਦਾ ਅਧਿਐਨ-ਵਿਸਲੇਸ਼ਣ ਕਰਨ ਵੇਲੇ ਬਹੁਤ ਸਾਰੀਆਂ ਕਠਿਨਾਈਆਂ, ਖ਼ਾਮੀਆਂ, ਤਰੁੱਟੀਆਂ ਸਾਹਮਣੇ ਆਉਂਦੀਆਂ ਹਨ। ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਹੋਈ ਖੋਜ ਦਾ ਮਿਆਰ ਉਤਾਂਹ ਚੁੱਕਣ ਲਈ ਇਨਾਂ ਕਠਿਨਾਈਆਂ ਉੱਤੇ ਚਰਚਾ ਕਰਨੀ ਬਹੁਤ ਜਰੂਰੀ ਬਣ ਜਾਂਦੀ ਹੈ।

ਸੱਭ ਤੋਂ ਵਧੇਰੇ ਦੁਖਦਾਈ ਗੱਲ ਇਹ ਜਾਪਦੀ ਹੈ ਕਿ ਪੰਜਾਬੀ ਨਾਟ-ਚਿੰਤਨ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ ਸਬੰਧੀ ਹੋਈ ਖੋਜ ਨੂੰ ਬਹੁਤਾ ਕਰਕੇ ਅਣਗੌਲਿਆ ਹੀ ਕੀਤਾ ਗਿਆ ਹੈ। ਪੰਜਾਬ ਦੀ ਧਰਤੀ ਉੱਤੇ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਫੈਲਾਅ ਅਤੇ ਪੱਧਰ ਨੂੰ ਮਾਪਣ ਵੇਲੇ ਕਿਧਰੇ ਵੀ ਵਿਦਿਅਕ ਅਦਾਰਿਆਂ ਵਿਚ ਹੋਈ ਉੱਚ ਪੱਧਰ ਦੀ ਨਾਟਕ ਸਬੰਧੀ ਖੋਜ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਬਲਕਿ ਪੰਜਾਬੀ ਨਾਟਕਕਾਰਾ ਦੀਆਂ ਕ੍ਰਿਤਾਂ ਜਾਂ ਰੰਗਮੰਚੀ ਪੇਸ਼ਕਾਰੀਆ ਹੀ ਪੈਮਾਨੇ ਦਾ ਆਧਾਰ ਬਣਦੀਆਂ ਹਨ। ਨਿਸ਼ਚੇ ਹੀ ਪੰਜਾਬੀ ਨਾਟਕ ਤੇ ਰੰਗਮੰਚ ਦੇ ਪੱਧਰ ਦਾ ਮੁਲਾਂਕਣ ਕਰਨ ਵੇਲੇ ਪੰਜਾਬੀ ਨਾਟ-ਖੋਜ ਦੇ ਮਿਆਰ ਨੂੰ ਵੀ ਗਿਣਿਆ ਜਾਣਾ ਚਾਹੀਦਾ ਹੈ।

ਆਪਣੇ ਮੁਢਲੇ ਦੌਰ ਤੋਂ ਹੀ ਪੰਜਾਬੀ ਨਾਟਕ ਸਬੰਧੀ ਪ੍ਰਾਪਤ ਖੋਜ ਦੀ ਇਹ ਸੀਮਾਂ ਰਹੀ ਹੈ ਕਿ ਰੰਗਮੰਚੀ ਭਾਗ ਯਾਨਿ ਪ੍ਰਦਰਸ਼ਿਤ ਰੂਪ ਨੂੰ ਅਧਿਐਨ ਦਾ ਆਧਾਰ ਨਹੀਂ ਬਣਾਇਆ ਗਿਆ। ਇਹ ਕਾਰਜ ਸ਼ਾਇਦ ਰੰਗਮੰਚੀ ਸਿਖਲਾਈ ਨਾਲ ਜੁੜੇ ਵਿਭਾਗਾਂ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਰੰਗਮੰਚ ਲਿਖਤੀ ਨਾਟਕ ਦਾ ਸਿਖਰ ਹੈ। ਇਸ ਲਈ ਦੋਵਾਂ ਰੂਪਾਂ (ਲਿਖਤ ਅਤੇ ਪ੍ਰਦਰਸ਼ਤ) ਦਾ ਅਧਿਐਨ-ਵਿਸ਼ਲੇਸ਼ਣ ਇਕਸਮਾਨ ਹੋਣਾ ਚਾਹੀਦਾ ਹੈ। ਰੰਗਮੰਚੀ ਸਿਖਲਾਈ ਨਾਲ ਜੁੜੇ ਵਿਭਾਗਾਂ ਅਤੇ ਸਾਹਿਤਕ ਰੂਪ ਤੋਂ ਅਧਿਐਨ ਕਰਵਾ ਰਹੇ ਵਿਭਾਗਾਂ ਵਿਚ ਆਪਸੀ

e-ISSN: 2348-6848
p-ISSN: 2348-795X
Volume 04 Issue 19
November 2017

ਤਾਲਮੇਲ ਪੈਦਾ ਕਰਨ ਲਈ ਸਾਂਝੀਆ ਵਰਕਸ਼ਾਪਾਂ ਤੇ ਸੈਮੀਨਾਰਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ। ਅਜਿਹਾ ਹੋਣ ਦੀ ਸੂਰਤ ਵਿਚ ਸਾਹਿਤਕ ਪੱਖ ਅਤੇ ਪ੍ਰਦਰਸ਼ਿਤ ਪੱਖ ਦੋਵਾਂ ਦੇ ਸੁਮੇਲ ਤੋਂ ਸਿਖਿਆਰਥੀਆਂ ਅਤੇ ਖੋਜਾਰਥੀਆਂ ਨੂੰ ਲਾਹੇਵੰਦ ਸਮੱਗਰੀ ਉਪਲਬਧ ਹੋ ਸਕੇਗੀ।

ਅਗਲੀ ਸਮੱਸਿਆ ਸਟਾਇਲਸ਼ੀਟ ਨਾਲ ਜੁੜੀ ਹੋਈ ਹੈ। ਸਾਰੀਆਂ ਯੂਨੀਵਰਸਿਟੀਆਂ ਵਿੱਚ ਖੋਜ-ਪ੍ਰਬੰਧ ਲਿਖਣ ਲਈ ਕੋਈ ਸਾਂਝੀ ਸਟਾਇਲਸ਼ੀਟ ਨਿਰਧਾਰਤ ਕੀਤੀ ਨਹੀਂ ਮਿਲਦੀ। ਹਰੇਕ ਅਦਾਰੇ ਵਿਚ ਵੱਖਰੀ ਸਟਾਇਲਸ਼ੀਟ ਤਹਿਤ ਟੂਕਾਂ, ਹਵਾਲੇ ਦੇਣ ਦਾ ਢੰਗ, ਟੂਕਾਂ ਦਾ ਆਕਾਰ, ਪੰਨਾ ਨੰਬਰ ਦੀ ਜਗ੍ਹਾ, ਟਾਈਪ ਕਰਨ ਲਈ ਵੱਖਰੇ-ਵੱਖਰੇ ਫੌਂਟ ਵਰਤਣ ਦਾ ਰੁਝਾਨ ਦੇਖਣ ਨੂੰ ਮਿਲਦਾ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਜੁੜੇ ਇਹਨਾਂ ਸਾਰੇ ਵਿਦਿਅਕ ਅਦਾਰਿਆ ਨੂੰ ਮਿਲ ਬੈਠ ਕੇ, ਸਾਂਝੇ ਤੌਰ `ਤੇ ਇੱਕ ਸਟਾਇਲਸ਼ੀਟ ਚੁਣ ਲੈਣੀ ਚਾਹੀਦੀ ਹੈ ਤਾਂ ਕਿ ਖੋਜਾਰਥੀਆਂ ਨੂੰ ਖੋਜ/ਅਧਿਐਨ ਅਧਿਐਨ ਕਰਨ ਵਿਚ ਦਿੱਕਤ ਨਾ ਮਹਿਸੂਸ ਹੋਵੇ।

ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਪ੍ਰਾਪਤ ਖੋਜ ਦਾ ਵਧੇਰੇ ਹਿੱਸਾ ਪ੍ਰਵ੍ਰਿਤੀਮੂਲਕ ਤੇ ਵਿਸ਼ਾਮੂਲਕ ਰਹਿੰਦਾ ਹੈ। ਵਸਤੂਮੂਲਕ ਖੋਜ-ਦ੍ਰਿਸ਼ਟੀ ਹੋਣ ਕਾਰਣ ਖੋਜਾਰਥੀਆਂ ਦਾ ਜ਼ਿਆਦਾਤਰ ਰੁਝਾਨ ਆਸਾਨ, ਸਰਲ, ਸੌਖੇ ਅਤੇ ਪੂਰਵ-ਪ੍ਰਚਲਿਤ ਵਿਸ਼ੇ ਅਪਣਾਉਣ ਵੱਲ ਰਹਿੰਦਾ ਹੈ, ਜਿਸਦੇ ਫਲਸਰੂਪ ਨਾਟਕ ਦਾ ਰੂਪਾਕਾਰ ਪੱਖ ਪਿੱਛੇ ਰਹਿ ਜਾਂਦਾ ਹੈ। ਨਵੀਨ ਵਿਸ਼ਿਆਂ ਅਤੇ ਅਧਿਐਨ ਵਿਧੀਆਂ ਨੂੰ ਅਪਣਾਉਣ ਵੱਲ ਖੋਜਾਰਥੀਆਂ ਦਾ ਵਧੇਰੇ ਉਤਸ਼ਾਹ ਨਜ਼ਰੀਂ ਨਹੀਂ ਪੈਂਦਾ। ਕਈ  ਖੋਜ-ਪ੍ਰਬੰਧਾਂ ਵਿਚ ਤਾਂ ਸਮੀਖਿਆ ਤੇ ਆਲੋਚਨਾ ਹੀ ਪ੍ਰਾਪਤ ਹੁੰਦੀ ਹੈ ਜਦਕਿ ਆਲੋਚਨਾ, ਸਮੀਖਿਆ ਨਾਲੋਂ ਖੋਜ ਦਾ ਖੇਤਰ ਭਿੰਨ ਹੈ। ਖੋਜਾਰਥੀਆਂ ਦੀ ਪਸੰਦ ਨਾਟਕਕਾਰਾਂ ਦੀਆਂ ਨਾਟ-ਕ੍ਰਿਤਾਂ ਦਾ ਆਲੋਚਨਾਤਮਕ ਅਧਿਐਨ ਕਰਨ ਵੱਲ ਵਧੇਰੇ ਰਹਿੰਦਾ ਹੈ।

ਇੱਥੇ ਦੱਸਣਾ ਵਾਜਿਬ ਹੋਵੇਗਾ ਕਿ ਬਹੁਤੇ ਖੋਜਾਰਥੀਆਂ ਨੂੰ ਖੋਜ, ਆਲੋਚਨਾ, ਸਮੀਖਿਆ, ਵਿਸ਼ਲੇਸ਼ਣ, ਵਿਵੇਚਨ, ਅਧਿਐਨ ਆਦਿ ਸ਼ਬਦੀ ਸੰਕਲਪਾਂ ਦੀ ਗਹਿਨ ਸਰੰਚਨਾ ਵਿਚ ਲੁਪਤ ਕਾਰਜੀ ਸਮਰੱਥਾ ਅਤੇ ਖੇਤਰ ਬਾਰੇ ਗਿਆਨ ਨਹੀਂ ਹੁੰਦਾ, ਸ਼ਾਇਦ ਇਸੇ ਕਰਕੇ ਵਧੇਰੇ ਆਲੋਚਨਾ ਜਾਂ ਵਿਸ਼ਲੇਸ਼ਣ ਹੀ ਸ਼ੋਧ-ਪ੍ਰਬੰਧਾਂ `ਚ ਕੀਤਾ ਮਿਲਦਾ ਹੈ। ਖੋਜ ਇੱਕ ਨਿਸ਼ਚਿਤ ਵਿਗਿਆਨਕ ਖੋਜ-ਵਿਧੀ ਤਹਿਤ ਅਧਿਐਨ-ਦ੍ਰਿਸ਼ਟੀ ਲਾਗੂ ਕਰਦੇ ਹੋਏ ਗਿਆਨ

`ਚ ਵਾਧੇ ਦੇ ਮੰਤਵ ਨਾਲ ਕੀਤੀ ਜਾਣ ਵਾਲੀ ਵਿਗਿਆਨਕ ਪ੍ਰਕ੍ਰਿਆ ਹੈ ਜਦਕਿ ਆਲੋਚਨਾ ਵਿਚ ਡੂੰਘਾ ਨਿਰੀਖਣ ਆ ਜਾਂਦਾ ਹੈ। ਖੋਜਾਰਥੀਆਂ ਵਿਚ ਖੋਜ ਤੇ ਆਲੋਚਨਾ ਨੂੰ ਰਲਗੱਡ ਕਰਕੇ ਸਮਝਣ ਦਾ ਰੁਝਾਨ ਵਧੇਰੇ ਪ੍ਰਾਪਤ ਹੁੰਦਾ ਹੈ ਜਦਕਿ ਖੋਜ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਤਰਕ ਦਾ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ।

ਪੰਜਾਬੀ ਨਾਟਕ ਤੇ ਰੰਗਮੰਚ ਸੰਬਧੀ ਖੋਜ ਕਰਨ ਵੇਲੇ ਖੋਜਾਰਥੀਆਂ ਵਿਚ ਅੰਤਰ-ਅਨੁਸ਼ਾਸਨੀ ਅਤੇ ਅੰਤਰ-ਭਾਸ਼ਾਈ ਪਹੁੰਚ ਅਪਣਾਉਣ ਦੀ ਘਾਟ ਰੜਕਦੀ ਹੈ। ਖੋਜਾਰਥੀਆਂ ਦੁਆਰਾ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਦੋਵਾਂ ਪੱਖਾਂ (ਲਿਖਤ ਤੇ ਪ੍ਰਦਰਸ਼ਨ) ਸਬੰਧੀ ਜਿੱਥੇ ਮੁੱਢਲੇ ਸਰੋਤਾਂ ਤੱਕ ਪਹੁੰਚ ਨਹੀਂ ਕੀਤੀ ਜਾਂਦੀ, ਉੱਥੇ ਅੰਗਰੇਜ਼ੀ, ਹਿੰਦੀ ਅਤੇ ਹੋਰਨਾਂ ਭਾਸ਼ਾਵਾਂ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਨਾਲ ਹੋਏ ਤੁਲਨਾਤਮਕ ਖੋਜ-ਕਾਰਜਾਂ ਤੱਕ ਪਹੁੰਚ ਹੀ ਨਹੀਂ ਕੀਤੀ ਜਾਂਦੀ। ਸਾਡੇ ਅਧਿਐਨ ਦੌਰਾਨ ਅਸੀਂ ਕੁੱਝ ਅਜਿਹੇ ਹੀ ਖੋਜ-ਪ੍ਰਬੰਧਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿੰਨ੍ਹਾਂ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਲਾਹੇਵੰਦ ਸਮੱਗਰੀ ਮੌਜੂਦ ਹੈ। ਬੇਸ਼ੱਕ ਇਹ ਖੋਜ-ਪ੍ਰਬੰਧ ਸਿੱਧੇ ਤੌਰ `ਤੇ ਨਾਟਕ ਨਾਲ ਸਬੰਧਿਤ ਨਾ ਹੋ ਕੇ ਸਾਹਿਤ- ਇਤਿਹਾਸ, ਸਾਹਿਤਕ ਲਹਿਰ ਜਾਂ ਸਾਹਿਤਕ ਪ੍ਰਵ੍ਰਿਤੀ ਨਾਲ ਜੁੜੇ ਹਨ। ਇਹਨਾਂ ਵਿਚ ਮਿਸਾਲ ਵਜੋਂ ਮਹਿੰਦਰਪਾਲ ਕੋਹਲੀ,[1] ਕੇਸਰ ਸਿੰਘ ਕੇਸਰ[2] ਅਤੇ ਨਿਰਮਲ ਸਿੰਘ[3] ਖੋਜਾਰਥੀਆਂ ਦੇ ਖੋਜ-ਕਾਰਜਾਂ ਨੂੰ ਗਿਣਿਆ ਜਾ ਸਕਦਾ ਹੈ। ਪੰਜਾਬੀ ਨਾਟਕ ਸਬੰਧੀ ਖੋਜ ਦੀਆਂ ਤੰਦਾਂ ਅੰਤਰ-ਅਨੁਸਾਸ਼ਨੀ ਤੋਂ ਅੰਤਰ-ਭਾਸ਼ਾਈ ਫੈਲੀਆਂ ਹਨ ਪਰ ਇਹਨਾਂ ਤੱਕ ਪਹੰੁਚ ਕਰਨ ਦੀ ਜ਼ਰੂਰਤ ਹੈ।

ਖੋਜ ਪ੍ਰਕਿਰਿਆ ਦੌਰਾਨ ਸਾਰਥਿਕ ਸਿਟਿਆ ਤੱਕ ਪਹੁੰਚਣ ਲਈ ਇੱਕ ਨਿਸ਼ਚਿਤ ਅਧਿਐਨ ਵਿਧੀ/ਅਧਿਐਨ ਦ੍ਰਿਸ਼ਟੀ ਦਾ ਹੋਣਾ ਆਵੱਸ਼ਕ ਹੈ। ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਖੋਜ-ਪ੍ਰਬੰਧਾਂ ਵਿਚ ਖੋਜਾਰਥੀਆਂ ਦੁਆਰਾ ਵਿਭਿੰਨ ਪ੍ਰਕਾਰ ਦੀਆਂ ਭਾਰਤੀ ਅਤੇ ਪੱਛਮੀ ਅਧਿਐਨ ਦ੍ਰਿਸ਼ਟੀਆਂ/ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਅਧਿਐਨ ਵਿਧੀਆਂ ਵਿਚ ਲੋਕਧਾਰਾਈ, ਰੰਗਮੰਚੀ, ਸਮਾਜ-ਭਾਸ਼ਾ ਵਿਗਿਆਨ, ਮਨੋਵਿਗਿਆਨਕ, ਸਮਾਜ ਸ਼ਾਸ਼ਤਰੀ, ਥੀਮਕ ਤੇ ਵਿਧਾਮੂਲਕ, ਨਾਟ-ਸ਼ਾਸਤ੍ਰੀ, ਸਭਿਆਚਾਰਕ, ਮਿੱਥ ਵਿਗਿਆਨ, ਅਸਤਿਤ੍ਵਵਾਦੀ, ਇਤਿਹਾਸਕ, ਤੁਲਨਾਤਮਕ, ਨਾਰੀਵਾਦੀ, ਚਿਹਨ ਵਿਗਿਆਨਕ ਆਦਿ ਪ੍ਰਮੁੱਖ ਗਿਣੀਆਂ ਜਾ ਸਕਦੀਆਂ ਹਨ। ਖੋਜ ਦੇ ਵਿਗਿਆਨਕ ਮਾਪਦੰਡਾਂ ਅਨੁਸਾਰ ਖੋਜਾਰਥੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਨਿਸ਼ਚਿਤ

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
November 2017

ਅਧਿਐਨ ਵਿਧੀ ਦੀਆਂ ਪੱਧਤੀਆਂ ਅਨੁਸਾਰ ਆਪਣੀ ਖੋਜ ਦੇ ਅਧਿਐਨ ਮਾਡਲ ਦੀ ਸਪੱਸ਼ਟ ਰੂਪ ਵਿੱਚ ਉਸਾਰੀ ਕਰੇ ਅਤੇ ਅਧਿਐਨ ਮਾਡਲ ਨੂੰ ਲਾਗੂ ਕਰਕੇ ਸਾਰਥਿਕ ਸਿੱਟਿਆਂ ਤੱਕ ਪਹੁੰਚ ਕਰੇ ਪਰ ਵੇਖਣ ਵਿਚ ਆਉਂਦਾ ਹੈ ਕਿ ਜ਼ਿਆਦਾਤਰ ਖੋਜਾਰਥੀਆਂ ਵਲੋਂ ਨਵੀਨ, ਗੁੰਝਲਦਾਰ ਤੇ ਔਖੀਆਂ ਅਧਿਐਨ ਵਿਧੀਆਂ ਚੁਣਨ ਦੀ ਬਜਾਏ ਪੂਰਵ-ਪ੍ਰਚਲਿਤ, ਆਸਾਨ ਅਧਿਐਨ ਵਿਧੀਆਂ ਨੂੰ ਹੀ ਚੁਣ ਲਿਆ ਜਾਂਦਾ ਹੈ। ਬਹੁਤੇ ਖੋਜ-ਪ੍ਰਬੰਧਾਂ ਵਿਚ ਅਧਿਐਨ ਮਾਡਲ ਦੀ ਉਸਾਰੀ ਕਰਨ ਦੀ ਬਜਾਏ ਸਬੰਧਿਤ ਵਿਧੀ ਦਾ ਵਿਸਥਾਰਪੂਰਵਕ ਇਤਿਹਾਸਕ ਕਾਲਕ੍ਰਮ ਹੀ ਉਲੀਕ ਰੱਖਿਆ ਹੁੰਦਾ ਹੈ। ਇਸ ਤੋਂ ਵੀ ਗੰਭੀਰ ਸੱਮਸਿਆ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਖੋਜਾਰਥੀ ਦੁਆਰਾ ਅਜਿਹੇ ਖੋਜ-ਵਿਸ਼ੇ ਚੁਣ ਲਏ ਜਾਂਦੇ ਹਨ ਜਿੰਨਾਂ ਵਿਚ ਅਧਿਐਨ ਵਿਧੀ ਸਪੱਸ਼ਟ ਹੀ ਨਹੀਂ ਹੁੰਦੀ, ਮਿਸਾਲ ਵਜੋਂ 'ਇਕ ਅਧਿਐਨ`, 'ਸਾਹਿਤਕ ਜਗਤ`, 'ਸਾਹਿਤਕ ਯੋਗਦਾਨ` ਆਦਿ। ਸੰਭਾਵਨਾ ਭਰਪੂਰ ਨਵੀਨ ਅੰਤਰ-ਦ੍ਰਿਸ਼ਟੀਆਂ, ਨਵੀਨ ਆਲੋਚਨਾ ਪ੍ਰਣਾਲੀਆਂ ਅਨੁਸਾਰ ਖੋਜ ਕਰਨ ਦੀ ਲੋੜ ਵਧੇਰੇ ਜਾਪਦੀ ਹੈ ਤਾਂ ਕਿ ਨਾਟਕ ਖੇਤਰ ਵਿਚਲੀ ਖੋਜ ਵਿਚ ਮੌਲਿਕਤਾ ਲਿਆਂਦੀ ਜਾ ਸਕੇ। ਨਾਟਕ ਅਤੇ ਰੰਗਮੰਚ `ਚ ਕਾਰਜਸ਼ੀਲ ਨਵੇਂ ਨਾਟਕਕਾਰਾਂ ਦੀਆਂ ਨਾਟ-ਕਿਰਤਾਂ ਅਤੇ ਪੇਸ਼ਕਾਰੀਆਂ ਨੂੰ ਖੋਜ-ਵਿਸ਼ਿਆਂ ਵਜੋਂ ਚੁਣਨਾ ਸਮੇਂ ਦੀ ਮੁੱਖ ਲੋੜ ਹੈ। ਪਹਿਲੀ, ਦੂਜੀ ਅਤੇ ਤੀਜੀ ਪੀੜ੍ਹੀ ਦੇ ਪੰਜਾਬੀ ਨਾਟਕਕਾਰਾ ਨਾਲ ਨਵੇਂ ਨਾਟਕਕਾਰਾਂ ਦੇ ਵਿਭਿੰਨ ਪੱਖਾਂ ਤੋਂ ਤੁਲਨਾਤਮਕ ਅਧਿਐਨ ਕਰਵਾਏ ਜਾ ਸਕਦੇ ਹਨ। ਅਜਿਹਾ ਕਰਨ ਨਾਲ ਜਿੱਥੇ ਦੁਹਰਾਓ ਤੋਂ ਬਚਿਆ ਜਾ ਸਕੇਗਾ ਉੱਥੇ ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਖੋਜ ਦਾ ਘੇਰਾ ਹੋਰ ਵਿਸ਼ਾਲ ਅਤੇ ਮਿਆਰੀ ਹੋ ਸਕੇਗਾ।

ਖੋਜ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਅਨੁਸ਼ਾਸਿਤ ਢੰਗ ਨਾਲ ਕਰਨ ਲਈ ਖੋਜ-ਵਿਧੀ ਦੇ ਪ੍ਰਵਾਨਿਤ ਨਿਯਮਾਂ ਦੀ ਪਾਲਣਾ ਖੋਜਾਰਥੀ ਦਾ ਮੁੱਢਲਾ ਕਰਮ ਹੈ। ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਪ੍ਰਾਪਤ ਖੋਜ-ਪ੍ਰਬੰਧਾਂ ਦਾ ਅਧਿਐਨ ਕਰਨ ਉਪਰੰਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਈ ਖੋਜ-ਪ੍ਰਬੰਧਾਂ `ਚ ਮੂਲੋਂ ਹੀ ਖੋਜ-ਵਿਧੀ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਮਿਲਦੀ। ਇਥੋਂ ਤੱਕ ਕਿ ਸ਼ਬਦ-ਜੋੜਾਂ ਦੀਆ ਗਲਤੀਆਂ ਤੋਂ ਲੈ ਕੇ ਪੰਨਾ ਨੰਬਰ ਅਤੇ ਪੈਰ੍ਹਾ-ਰਚਨਾ ਤੱਕ ਤੱਥਗਤ ਵੇਰਵੇ, ਨਿਰੰਤਰਤਾ ਦੀ ਬਜਾਏ ਉਘੜ-ਦੁਘੜ ਢੰਗ ਨਾਲ ਪੇਸ਼ ਕੀਤੇ ਮਿਲਦੇ ਹਨ। ਅਜਿਹੀ ਕੱਚ-ਘਰੜ ਸਮੱਗਰੀ ਨੂੰ ਖੋਜ ਅਧੀਨ ਰੱਖਣਾ ਵੀ ਕਿਥੋਂ ਤੱਕ ਜਾਇਜ਼ ਕਿਹਾ ਜਾ ਸਕਦਾ ਹੈ।

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
November 2017

ਤਕਰੀਬਨ ਸਾਰੇ ਹੀ ਖੋਜ-ਪ੍ਰਬੰਧਾਂ ਵਿਚ ਖੋਜ-ਵਿਧੀ ਨਾਲ ਜੁੜੀਆਂ ਪੰਜਾਬੀ ਦੀਆਂ ਇੱਕ ਜਾਂ ਦੋ ਪੁਸਤਕਾਂ ਹੀ ਪੁਸਤਕ ਸੂਚੀ ਵਿਚ ਸ਼ਾਮਿਲ ਕੀਤੀਆਂ ਹੁੰਦੀਆਂ ਹਨ। ਖੋਜਾਰਥੀ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਖੋਜ-ਵਿਧੀ ਬਾਰੇ ਉਪਲਬਧ ਪੁਸਤਕਾਂ ਪੜਨੀਆਂ ਤਾਂ ਛੱਡੋ ਆਖ਼ਿਰ ਉਹਨਾਂ ਤੱਕ ਪਹੁੰਚ ਕਰਨ ਦੀ ਲੋੜ ਵੀ ਨਹੀਂ ਸਮਝਦੇ। ਪੁਸਤਕ ਸੂਚੀ ਵਿਚ ਲੇਖਕ, ਪੁਸਤਕ, ਪ੍ਰਕਾਸ਼ਕ, ਸਥਾਨ ਅਤੇ ਸੰਨ ਦਾ ਵੇਰਵਾ ਦੇਣ ਸਮੇਂ ਬਹੁਤ ਗ਼ਲਤ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਕੁੱਝ ਪੁਸਤਕਾਂ ਹਵਾਲੇ, ਟਿੱਪਣੀਆਂ ਵਿਚ ਤਾਂ ਵਰਤ ਰੱਖੀਆ ਹੁੰਦੀਆਂ ਹਨ ਪਰ ਖੋਜਾਰਥੀ ਪੁਸਤਕ ਸੂਚੀ `ਚ ਵੇਰਵਾ ਦੇਣਾ ਵਾਜਿਬ ਹੀ ਨਹੀਂ ਸਮਝਦੇ। ਅਧਿਐਨ ਕਰਤਾ ਲਈ ਚਿੰਤਕ/ਵਿਦਵਾਨ ਦੀਆਂ ਪੂਰਵ ਪ੍ਰਚਲਿਤ ਰਾਵਾਂ ਟੂਕਾਂ ਅਤੇ ਖੋਜੀ ਦੀਆਂ ਮੌਲਿਕ ਰਾਵਾਂ ਦਾ ਨਿਖੇੜਾ ਕਰਨਾ ਉਦੋਂ ਹੋਰ ਵੀ ਕਠਿਨ ਹੋ ਜਾਂਦਾ ਹੈ ਜਦੋਂ ਖੋਜਾਰਥੀ ਦੁਆਰਾ ਵਰਤੀਆਂ ਗਈਆਂ ਟੂਕਾਂ ਦੇ ਅੱਗੇ-ਪਿੱਛੇ ਕੌਮਿਆਂ (“ ”) ਦੀ ਵਰਤੋਂ ਨਹੀਂ ਕੀਤੀ ਹੁੰਦੀ। ਅਜਿਹੀਆਂ ਭਾਸ਼ਾਈ ਤਰੁੱਟੀਆਂ ਖੋਜ-ਵਿਧੀ ਦੇ ਵਿਗਿਆਨਕ ਪੱਧਤੀਆਂ ਅਨੁਸਾਰ ਮਿਆਰੀ ਖੋਜ ਦਾ ਹਿੱਸਾ ਨਹੀਂ ਬਣਨੀਆਂ ਚਾਹੀਦੀਆਂ ਹਨ।

ਖੋਜ ਪ੍ਰਕਿਰਿਆ ਦੌਰਾਨ ਖੋਜਾਰਥੀ ਪੂਰਵ-ਪ੍ਰਚਲਿਤ ਰਾਵਾਂ, ਧਾਰਣਾਵਾਂ ਜਾਂ ਮੱਤਾਂ ਨੂੰ ਆਪਣੇ ਸਮਰਥਨ ਜਾਂ ਵਿਰੋਧ `ਚ ਰੱਖ ਕੇ ਵਰਤਦਾ ਹੈ। ਕੁੱਝ ਖੋਜ-ਪ੍ਰਬੰਧਾਂ `ਚ ਪੂਰਵ-ਪ੍ਰਚਲਿਤ ਰਾਵਾਂ, ਧਾਰਣਾਵਾਂ ਨੂੰ ਹੂ-ਬ-ਹੂ ਆਪਣੀ ਬਣਾ ਕੇ, ਬਿਨਾ ਹਵਾਲਾ ਦਿੱਤੇ, ਵਰਤਣ ਦਾ ਰੁਝਾਨ ਵੀ ਦੇਖਣ ਨੂੰ ਮਿਲਦਾ ਹੈ। ਖੋਜ ਪ੍ਰਕਿਰਿਆ ਮੌਲਿਕਤਾ ਨਾਲ ਜੁੜੀ ਹੈ। ਇਧਰੋਂ-ਉਧਰੋਂ ਸੱਮਗਰੀ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ, ਖੋਜ ਦੇ ਵਿਗਿਆਨਕ ਨੇਮਾ ਦੀ ਉਲੰਘਣਾ ਹੈ।ਅਜਿਹੀ ਸਮੱਗਰੀ ਨੂੰ ਸੰਪਾਦਨ ਕਲਾ ਕਹਿਣਾ ਵਧੇਰੇ ਉਚਿਤ ਰਹੇਗਾ। ਖੋਜਾਰਥੀਆਂ ਦੁਆਰਾ ਅਜਿਹੇ ਯਤਨਾਂ ਨਾਲ ਖੋਜ ਵਿਚੋਂ ਲਗਨ ਅਤੇ ਮੌਲਿਕਤਾ ਦੂਰ ਹੁੰਦੀ ਜਾ ਰਹੀ ਹੈ। ਅਸੀਂ ਅਧਿਐਨ-ਵਿਸ਼ਲੇਸ਼ਣ ਦੌਰਾਨ ਦੁਹਰਾਉ ਕੀਤੀਆ ਜਾਣਕਾਰੀਆਂ ਚੋਂ ਇਕ ਮਿਸਾਲ ਦੇਣਾ ਚਾਹਾਂਗੇ। ਖੋਜਾਰਥੀ ਅਨੀਤਾ ਰਾਣੀ ਨੇ ਆਪਣੇ ਖੋਜ-ਪ੍ਰਬੰਧ ਦੇ ਨਿਸ਼ਕਰਸ਼ ਹਿੱਸੇ ਵਿਚ ਨਾਟਕ ਦੇ ਸਿਧਾਂਤਕ ਪੱਖ ਉੱਤੇ ਚਰਚਾ ਕਰਦੇ ਹੋਏ, ਡਾ. ਹਰਚਰਨ ਸਿੰਘ ਦੁਆਰਾ ਪੂਰਵ-ਪ੍ਰਚਲਿਤ ਧਾਰਣਾ ਬਿਨਾਂ ਕੋਟ ਕੀਤੇ ਹੀ ਆਪਣੇ ਸ਼ਬਦ ਬਣਾ ਕੇ ਪੇਸ਼ ਕੀਤੀ ਹੈ। ਜਦਕਿ ਇਹੀ ਟਿੱਪਣੀ ਖੋਜਾਰਥੀ ਕੁਲਦੀਪ ਸਿੰਘ ਧੀਰ ਨੇ ਆਪਣੇ ਖੋਜ-ਪ੍ਰਬੰਧ ਵਿਚ ਪਹਿਲੇ ਹੀ ਪੰਨੇ ਉੱਤੇ ਸਮੇਤ ਹਵਾਲਾ ਦਿੱਤੀ ਹੈ।

e-ISSN: 2348-6848
p-ISSN: 2348-795X
Volume 04 Issue 19
November 2017

ਅਜਿਹੀਆਂ ਦਹਰਾਉ ਦੀਆਂ ਕਿੰਨੀਆ ਹੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਥੋਂ ਤੱਕ ਕਿ ਚੈਪਟਰਾਂ ਦਾ ਬਹੁਤਾ ਹਿੱਸਾ ਇੰਨ-ਬਿੰਨ ਹੀ ਚੇਪੀ ਮਾਰ ਲਿਆ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੰਜਾਬੀ ਨਾਟ-ਖੋਜ ਦੇ ਮਿਆਰ ਅਤੇ ਅਜਿਹੇ ਦੁਹਰਾਉ ਨੂੰ ਠੱਲ ਪਾਉਣ ਲਈ, ਐਮ.ਫ਼ਿਲ ਪੱਧਰ `ਤੇ ਯੂਨੀਵਰਸਿਟੀਆਂ ਵਿਚ ਨਾਟਕ ਸਬੰਧੀ ਖੋਜ-ਪ੍ਰਬੰਧਾਂ ਅਤੇ ਖੋਜ-ਨਿਬੰਧਾਂ ਦਾ ਸਰਵੇਖਣ ਤੇ ਮੁਲਾਂਕਣ ਵਿਸ਼ਿਆ ਤਹਿਤ ਖੋਜ-ਕਾਰਜ ਕਰਵਾਏ ਵੀ ਹਨ। ਪਰ ਤੁਸੀਂ ਖ਼ੁਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੰਬੰਧ `ਚ ਜਗਮੀਤ ਸਿੰਘ ਦਾ ਖੋਜ-ਨਿਬੰਧ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ `ਚ ਕਰਵਾਏ ਨਾਟਕ ਸਬੰਧੀ ਖੋਜ ਨਾਲ ਸੰਬੰਧਿਤ ਰਵਿੰਦਰ ਕੌਰ ਦੇ ਖੋਜ-ਨਿਬੰਧ ਦਾ ਅਧਿਐਨ ਕਰੋਗੇ ਤਾਂ ਪਹਿਲੇ ਚੈਪਟਰ ਵਿਚ ਹੀ ਸਮਾਨਤਾ ਨਜ਼ਰ ਆਵੇਗੀ। ਪਹਿਲਾ ਚੈਪਟਰ ਦੋਵਾਂ ਖੋਜ-ਨਿਬੰਧਾਂ ਦਾ ਲਗਭਗ ਇੰਨ-ਬਿੰਨ ਇਕ ਸਮਾਨ ਹੀ ਹੈ। ਇਸ ਗੱਲ ਤੋਂ ਅੰਦਾਜਾ ਸਹਿਜੇ ਹੀ ਹੋ ਸਕਦਾ ਹੈ ਕਿ ਪੰਜਾਬੀ ਨਾਟਕ ਦੀ ਖੋਜ `ਚ ਗੁਣਾਤਮਕ ਦੀ ਬਜਾਏ ਗਿਣਾਤਮਕ ਖੋਜ-ਕਾਰਜ ਕਰਵਾ ਕੇ ਨਾਮਣਾ ਖੱਟ ਰਹੇ ਨਾਟ-ਚਿੰਤਕ ਖੋਜ ਪ੍ਰਤੀ ਕਿੰਨੇ ਕੁ ਗੰਭੀਰ ਹਨ।

ਖੋਜ ਪ੍ਰਕਿਰਿਆ ਦੌਰਾਨ ਪੰਜਾਬੀ ਨਾਟਕ ਤੇ ਰੰਗਮੰਚ ਦੇ ਸਰੋਤਾਂ ਤੋਂ ਲੈ ਕੇ ਵਿਕਾਸ ਦੇ ਵਿਭਿੰਨ ਪੜਾਵਾਂ ਸਬੰਧੀ ਮਿਲਦੇ ਭਿੰਨ-ਭਿੰਨ ਮੱਤ ਵੀ ਖੋਜਾਰਥੀਆਂ ਲਈ ਆਪਣੀ ਰਾਏ ਬਣਾਉਣ `ਚ ਮੁਸ਼ਕਿਲ ਖੜੀ ਕਰਦੇ ਹਨ। ਖੋਜਾਰਥੀ ਬਿਨਾਂ ਢੁਕਵੀਂ ਕਿਸੇ ਦਲੀਲ ਦੇਣ ਤੋਂ ਕਿਸੇ ਇੱਕ ਰਾਏ ਦਾ ਸਮਰਥਨ ਦੇ ਦਿੰਦਾ ਹੈ। ਖੋਜ ਵਿਚ ਸਮਰਥਨ ਅਤੇ ਵਿਰੋਧ `ਚ ਭੁਗਤਾਉਣ ਲਈ ਢੁੱਕਵੀਆਂ ਦਲੀਲਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

ਇੱਕ ਗੱਲ ਤਾਂ ਸਾਫ ਹੈ ਕਿ ਨਾਟਕ ਕਲਾ ਭਾਵੇਂ ਕਿਸੇ ਵੀ ਬੀਜ ਰੂਪ ਜਾਂ ਸਰੋਤ ਤੋਂ ਪੈਦਾ ਹੋਈ ਪਰ ਪੰਜਾਬ ਵਿਚ ਇਸਦੇ ਵਿਕਾਸ ਵਿਚ ਦੇਰੀ ਹੋਣ ਦੇ ਸਾਡੇ ਤਤਕਾਲੀਨ ਸਮਾਜਿਕ ਅਤੇ ਇਤਿਹਾਸਕ ਕਾਰਣ ਹੀ ਰਹੇ ਹਨ। ਬਿਲੱਕੁਲ ਇਸੇ ਤਰ੍ਹਾਂ ਪਹਿਲੇ ਪੰਜਾਬੀ ਨਾਟਕ ਸਬੰਧੀ ਭੰਬਲਭੂਸਾ ਹੀ ਪੈਦਾ ਹੋਇਆ ਹੈ। ਜ਼ਿਆਦਾਤਰ ਖੋਜਾਰਥੀ ਈਸ਼ਵਰ ਚੰਦਰ ਨੰਦਾ ਦੇ 'ਸੁਹਾਗ' ਨਾਟਕ ਨੂੰ ਰੰਗਮੰਚ ਅਤੇ ਆਧੁਨਿਕ ਨਾਟਕ ਦੇ ਪੈਮਾਨੇ ਉੱਤੇ ਖਰ੍ਹਾ ਉਤਰਨ ਕਾਰਣ ਪੰਜਾਬੀ ਦਾ ਪਹਿਲਾਂ ਨਾਟਕ ਸਵੀਕਾਰ ਕਰਦੇ ਹਨ। ਦੂਜੇ ਪਾਸੇ ਪਹਿਲੇ ਪੰਜਾਬੀ ਨਾਟਕ ਸਬੰਧੀ ਕੁਝ ਹੋਰ ਰਾਵਾਂ ਵੀ ਖੋਜ-ਪ੍ਰਬੰਧਾਂ ਦੇ ਅਧਿਐਨ ਦੌਰਾਨ ਸਾਹਮਣੇ ਆਉਂਦੀਆਂ ਹਨ। ਖੋਜਾਰਥੀਆਂ ਲਈ ਪਹਿਲੇ ਪੰਜਾਬੀ

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
November 2017

ਨਾਟਕ ਸਬੰਧੀ ਪ੍ਰਾਪਤ ਹੁੰਦੀਆਂ ਭਿੰਵਿੰਨ ਰਾਵਾਂ ਬਹੁਤਾਤ ਵਿਚ ਹੋਣ ਕਰਕੇ, ਖੋਜਾਰਥੀ ਦੇ ਨਿੱਜੀ ਰਾਏ ਦਾ ਨਿਰਮਾਣ ਕਰਨ `ਚ ਦੁਬਿਧਾ ਪੈਦਾ ਕਰ ਦਿੰਦੀਆ ਹਨ।

ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਖੋਜ ਕਰਵਾ ਰਹੇ ਵਿਦਿਅਕ ਅਦਾਰਿਆਂ ਦੇ ਪੁਸਤਕਾਲਿਆਂ ਦੀਆਂ ਵੀ ਕੁਝ ਸੱਮਸਿਆਵਾਂ ਸਾਹਮਣੇ ਆਉਂਦੀਆਂ ਹਨ। ਲਾਈਬ੍ਰੇਰੀ ਵਿਚ ਖੋਜ-ਪ੍ਰਬੰਧਾਂ ਦੇ ਕੈਟਾਲਾਗ ਵਿਚ ਦਰਜ ਕੀਤੀ ਜਾਣਕਾਰੀ ਕਈ ਵਾਰੀ ਅਧੂਰੀ ਹੁੰਦੀ ਹੈ। ਕਈ ਥਾਵਾਂ ਉੱਤੇ ਕੈਟਾਲਾਗ `ਚ ਸੰਪੂਰਣ ਜਾਣਕਾਰੀ ਪ੍ਰਾਪਤ ਤਾਂ ਹੋ ਜਾਂਦੀ ਹੈ ਪਰੰਤੂ ਖੋਜ-ਪ੍ਰਬੰਧ ਨਿਸ਼ਚਿਤ ਥਾਂ ਉੱਤੇ ਨਹੀਂ ਮਿਲਦਾ ਅਤੇ ਕਈ ਖੋਜ-ਪ੍ਰਬੰਧ ਤਾਂ ਮੂਲ ਰੂਪ `ਚ ਲਾਇਬ੍ਰੇਰੀ `ਚੋਂ ਗ਼ਾਇਬ ਹੀ ਕੀਤੇ ਮਿਲਦੇ ਹਨ ਜਾਂ ਫਿਰ ਪੰਨਿਆ ਦੀ ਚੀਰਫਾੜ ਕੀਤੀ ਮਿਲਦੀ ਹੈ। ਅੱਜ ਤਕਨਾਲੋਜੀ ਦੇ ਯੁੱਗ ਵਿਚ ਇੰਟਰਨੈੱਟ ਰਾਹੀਂ ਦੁਨੀਆਂ ਸੰੁਗੜ ਕੇ ਬਹੁਤ ਛੋਟੀ ਰਹਿ ਗਈ ਹੈ। ਤਕਰੀਬਨ ਸਾਰੀਆਂ ਯੂਨੀਵਰਸਿਟੀਆਂ ਹਾਈਟੈੱਕ ਹੋ ਚੁੱਕੀਆ ਹਨ। ਪਰ ਇਹਨਾਂ ਅਦਾਰਿਆਂ ਅਧੀਨ ਹੋਈ ਖੋਜ ਸਬੰਧੀ ਜਾਣਕਾਰੀ ਇੰਟਰਨੈੱਟ ਉੱਤੇ ਉਪਲਬਧ ਕਰਾਉਣ ਸਬੰਧੀ ਕੋਈ ਯਤਨ ਸਾਹਮਣੇ ਨਹੀਂ ਆਉਂਦਾ। ਅਜਿਹਾ ਸੰਭਵ ਹੋ ਜਾਣ ਦੀ ਸੂਰਤ ਵਿਚ ਵਿਭਿੰਨ ਅਦਾਰਿਆਂ ਵਿਚ ਹੋ ਰਹੇ ਖੋਜ-ਵਿਸ਼ਿਆਂ ਦੀ ਜਾਣਕਾਰੀ ਮਿਲ ਜਾਣ ਕਾਰਣ ਖੋਜ-ਵਿਸ਼ਿਆ ਵਿਚ ਹੋ ਰਹੇ ਦੁਹਰਾਉ ਤੋਂ ਬਚਿਆ ਜਾ ਸਕੇਗਾ।

ਸੋ ਉਪਰੋਕਤ ਚਰਚਾ ਅਧੀਨ ਉਭਾਰੀਆਂ ਕਠਿਨਾਈਆਂ, ਤਰੁੱਟੀਆ ਤੇ ਖ਼ਾਮੀਆਂ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ। ਖੋਜ-ਵਿਧੀ ਦੇ ਵਿਗਿਆਨਕ ਨੇਮਾਂ ਅਧੀਨ ਖੋਜ ਨੂੰ ਸੰਪੂਰਣ ਕਰਾਉਣ ਲਈ ਸਮੇਂ-ਸਮੇਂ ਸਿਰ ਖੋਜ-ਵਿਧੀ ਨਾਲ ਸਬੰਧਿਤ ਵਰਕਸ਼ਾਪ, ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕੀਤੇ ਜਾਣਾ ਚਾਹੀਦਾ ਹੈ। ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਵਿਭਿੰਨ ਪੱਖਾਂ, ਦਿਸ਼ਾਵਾਂ, ਵਿਸ਼ਿਆਂ, ਅੰਤਰ-ਦ੍ਰਿਸ਼ਟੀਆਂ ਅਤੇ ਰੂਪਾਂ ਸਬੰਧੀ ਸੰਭਾਵਨਾਵਾਂ ਭਰਪੂਰ ਖੋਜ ਹੋਣੀ ਅਜੇ ਬਾਕੀ ਹੈ। ਨਵੀਨ ਆਲੋਚਨਾ ਵਿਧੀਆਂ, ਨਵੀਨ ਵਿਸ਼ੇ ਅਤੇ ਖੋਜ ਵਿਧੀ ਦੀ ਉਚਿਤ ਵਰਤੋਂ ਕਰਨ ਅਤੇ ਕਰਾਉਣ ਪ੍ਰਤੀ ਗੰਭੀਰ ਤੇ ਸੁਚੇਤ ਹੋਣ ਦੀ ਜ਼ਰੂਰਤ ਹੈ ਤਾਂ ਕਿ ਹੋਰਨਾਂ ਸਾਹਿਤਕ ਰੂਪਾਂ ਦੇ ਮੁਕਾਬਲਤਨ, ਪੰਜਾਬੀ ਨਾਟਕ ਤੇ ਰੰਗਮੰਚ ਸਬੰਧੀ ਖੋਜ ਦੇ ਦਾਇਰੇ ਨੂੰ ਮਿਆਰੀ ਅਤੇ ਵਿਸ਼ਾਲ ਬਣਾਇਆ ਜਾ ਸਕੇ।

e-ISSN: 2348-6848
p-ISSN: 2348-795X
Volume 04 Issue 19
November 2017

**ਹਵਾਲੇ:**

1. **ਮਹਿੰਦਰ ਪਾਲ ਕੋਹਲੀ,** The Influence of the West on Panjabi Literature (1857-1957), **ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਪੀ-ਐੱਚ.ਡੀ. ਦੀ ਡਿਗਰੀ ਵਜੋਂ ਪ੍ਰਵਾਨਿਤ ਖੋਜ-ਪ੍ਰਬੰਧ, ਸਾਲ 1965.**
2. **ਕੇਸਰ ਸਿੰਘ ਕੇਸਰ, ਮਾਰਕਸਵਾਦ ਦੇ ਪ੍ਰਭਾਵ ਹੇਠ ਉਤਪੰਨ ਹੋਏ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ (1935 ਈ. ਤੋਂ 1960 ਈ. ਤੱਕ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਪੀ-ਐੱਚ.ਡੀ. ਦੀ ਡਿਗਰੀ ਵਜੋਂ ਪ੍ਰਵਾਨਿਤ ਖੋਜ-ਪ੍ਰਬੰਧ, ਸਾਲ 1969.**
3. **ਨਿਰਮਲ ਸਿੰਘ,** Impact of Singh Sabha Movement on Punjabi Lterature, **ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੀ-ਐੱਚ.ਡੀ. ਦੀ ਡਿਗਰੀ ਵਜੋਂ ਪ੍ਰਵਾਨਿਤ ਖੋਜ-ਪ੍ਰਬੰਧ, ਸਾਲ 1974.**